# ਆਧੁਨਿਕਤਾ ਦੀ ਦੌੜ 'ਚ ਗੁਆਚਦਾ 'ਬਚਪਨ'

*'ਨਾ ਕੁਛ ਪਾਨੇ ਕੀ ਕੋਸ਼ਿਸ਼, ਨਾ ਕੁਛ ਖੋਨੇ ਕਾ ਡਰ,*
*ਬਸ ਅਪਨੀ ਹੀ ਧੁਨ, ਬਸ ਅਪਨੇ ਸਪਨੋਂ ਕਾ ਘਰ,*
*ਕਾਸ਼! ਮਿਲ ਜਾਏ ਫਿਰ ਮੁਝੇ ਵੋ ਬਚਪਨ ਕਾ ਪਹਿਰ।'*



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

**ਬਚਪਨ** ਇਕ ਅਜਿਹਾ ਮਧੁਰ ਅਤੇ ਰਸਮਈ ਸ਼ਬਦ ਹੈ, ਜਿਸ ਨੂੰ ਸੁਣਦਿਆਂ ਹੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਜਦੋਂ ਵੀ ਫੁਰਸਤ ਦੇ ਪਲਾਂ ਵਿਚ ਅਸੀਂ ਆਪਣੇ ਬਚਪਨ ਦੀਆਂ ਯਾਦਾਂ ਵਿਚ ਗੁਆਚਦੇ ਹਾਂ ਤਾਂ ਚਾਹੁੰਦੇ ਹੋਏ ਵੀ ਉਨ੍ਹਾਂ 'ਚੋਂ ਬਾਹਰ ਨਹੀਂ ਆਉਣਾ ਚਾਹੁੰਦੇ। ਇੰਝ ਲੱਗਦਾ ਹੈ ਜਿਵੇਂ ਬੀਤੇ ਹੋਏ ਪਲਾਂ ਦੀ ਭਿੰਨੀ-ਭਿੰਨੀ ਖੁਸ਼ਬੂ ਨੇ ਮਨ ਨੂੰ ਭਾਵੁਕ ਬਣਾ ਦਿੱਤਾ ਹੋਵੇ।

ਅੱਜ ਆਧੁਨਿਕਤਾ ਦੀ ਦੌੜ ਵਿਚ ਮੁਕਾਬਲੇਬਾਜ਼ੀ ਦਾ ਜ਼ੋਰ ਇੰਨਾ ਵਧ ਗਿਆ ਹੈ ਕਿ ਤਾਜ਼ਾ ਹਵਾ, ਬਾਗ-ਬਗੀਚੇ, ਦਾਦੀ-ਨਾਨੀ ਦਾ ਘਰ, ਮੌਜ-ਮਸਤੀ, ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ, ਰੁੱਖਾਂ 'ਤੇ ਚੜ੍ਹ ਕੇ ਫਲ ਤੋੜਨਾ ਤੇ ਫੜੇ ਜਾਣ ਦੇ ਡਰੋਂ ਭੱਜ ਨਿਕਲਣਾ— ਇਨ੍ਹਾਂ ਦੀ ਜਗ੍ਹਾ ਮੋਬਾਈਲ, ਟੀ. ਵੀ. ਤੇ ਲੈਪਟਾਪ ਨੇ ਕਦੋਂ ਲੈ ਲਈ, ਪਤਾ ਹੀ ਨਹੀਂ ਲੱਗਾ।



ਮੈਨੂੰ ਅੱਜ ਵੀ ਯਾਦ ਹੈ ਕਿ ਗਰਮੀਆਂ ਦੀਆਂ ਛੁੱਟੀਆਂ ਹੋ ਜਾਣ 'ਤੇ ਕਈ ਜਗ੍ਹਾ ਘੁੰਮਣ ਜਾਣ ਲਈ ਪ੍ਰੋਗਰਾਮ ਬਣਾਏ ਜਾਂਦੇ ਪਰ ਆਖਿਰ ਨਾਨੀ ਦੇ ਘਰ ਜਾਣ ਨੂੰ ਹੀ ਤਰਜੀਹ ਦਿੱਤੀ ਜਾਂਦੀ। ਇਸ ਦੀ ਵਜ੍ਹਾ ਸੀ ਉਥੇ ਮਿਲਣ ਵਾਲੀ ਆਜ਼ਾਦੀ।

ਅੱਜ ਵੀ ਯਾਦ ਹੈ ਸਾਉਣ ਦਾ ਮਹੀਨਾ, ਮੀਂਹ ਦੇ ਪਾਣੀ ਵਿਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਛੱਡਣਾ ਤੇ ਉਨ੍ਹਾਂ ਦੇ ਪਿੱਛੇ-ਪਿੱਛੇ ਜਾਣਾ। ਇਹ ਸਭ ਸੋਚ ਕੇ ਮਨ ਆਨੰਦਿਤ ਹੋ ਜਾਂਦਾ ਹੈ।

*'ਕੋਈ ਮੁਝੇ ਲੌਟਾ ਦੇ ਵੋ ਬਚਪਨ ਕਾ ਸਾਵਨ,*
*ਵੋ ਕਾਗਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ।'*

ਅੱਜ ਵੀ ਬਾਂਦਰ-ਕਿਲਾ, ਛੂਹਣ-ਛੁਹਾਈ, ਪੋਸ਼ਣ-ਪਾ, ਊਚ-ਨੀਚ ਕਾ ਪਾਪੜਾ, ਸਟਾਪੂ ਆਦਿ ਖੇਡਾਂ ਨੂੰ ਯਾਦ ਕਰ ਕੇ ਮਨ ਖੁਸ਼ ਹੋ ਜਾਂਦਾ ਹੈ। ਜੀਵਨ ਵਿਚ ਸਫਲਤਾ ਹਾਸਲ ਕਰਨ ਲਈ ਦਾਦੇ-ਦਾਦੀ ਦਾ ਗੀਤ, ਰਾਮਾਇਣ, ਮਹਾਭਾਰਤ ਤੇ ਅਲਿਫ-ਲੈਲਾ ਵਰਗੇ ਟੀ. ਵੀ. ਲੜੀਵਾਰਾਂ 'ਚੋਂ ਮਿਸਾਲਾਂ ਦੇਣਾ ਅਤੇ ਉਨ੍ਹਾਂ ਤੋਂ ਜਾਦੂਈ ਕਹਾਣੀਆਂ ਸੁਣਦੇ-ਸੁਣਦੇ ਸੌਂ ਜਾਣਾ। ਉਦੋਂ ਨੀਂਦ ਦਾ ਵੀ ਆਪਣਾ ਹੀ ਇਕ ਵੱਖਰਾ ਆਨੰਦ ਸੀ।

*'ਏਕ ਹਾਥੀ, ਏਕ ਰਾਜਾ, ਏਕ ਰਾਨੀ ਕੇ ਬਗੈਰ,*
*ਨੀਂਦ ਬੱਚੋਂ ਕੋ ਨਹੀਂ ਆਤੀ ਥੀ ਕਹਾਨੀ ਕੇ ਬਗੈਰ।'*

ਕੀ ਅਸੀਂ ਕਦੇ ਸੋਚਿਆ ਹੈ ਕਿ ਅੱਜ ਸਾਡੇ ਬੱਚਿਆਂ ਦਾ ਬੇਖੌਫ ਬਚਪਨ ਕਿਤੇ ਗੁਆਚ ਗਿਆ ਹੈ? ਅੱਜ ਮੁਸਕੁਰਾਹਟ ਦੀ ਬਜਾਏ ਇਨ੍ਹਾਂ ਨੰਨ੍ਹੇ ਚਿਹਰਿਆਂ 'ਤੇ ਉਦਾਸੀ ਤੇ ਤਣਾਅ ਕਿਉਂ ਛਾਇਆ ਰਹਿੰਦਾ ਹੈ? ਆਪਣੀ ਛੋਟੀ ਜਿਹੀ ਉਮਰ ਵਿਚ ਪਾਪਾ ਤੇ ਦਾਦੇ ਦੇ ਮੋਢਿਆਂ 'ਤੇ ਸਵਾਰੀ ਕਰਨ ਵਾਲੇ ਬੱਚੇ ਅੱਜ ਆਪਣੇ ਮੋਢਿਆਂ 'ਤੇ ਸਕੂਲ ਦਾ ਭਾਰੀ ਬਸਤਾ ਟੰਗੀ ਬੱਸਾਂ ਵਿਚ ਸਫਰ ਕਰਦੇ ਹਨ।

ਅੱਜ ਸਮਾਂ ਬਦਲ ਗਿਆ ਹੈ। ਨਾ ਤਾਂ ਖੇਡਣ ਵਾਲੇ ਉਹ ਗਲੀ-ਮੁਹੱਲੇ ਰਹੇ ਅਤੇ ਨਾ ਹੀ ਉਹ ਰੁੱਖ-ਮੈਦਾਨ। ਜੇ ਕੁਝ ਬਾਕੀ ਰਹਿ ਗਿਆ ਹੈ ਤਾਂ ਉਹ ਹਨ ਪੁਰਾਣੀਆਂ ਯਾਦਾਂ। ਮਾਪੇ ਬੱਚਿਆਂ ਨੂੰ ਕੈਰਮ ਬੋਰਡ, ਬੈਟ-ਬਾਲ, ਫੁੱਟਬਾਲ ਦੀ ਜਗ੍ਹਾ ਵੀਡੀਓ ਗੇਮ ਤੇ ਮੋਬਾਈਲ ਫੜਾ ਰਹੇ ਹਨ। ਬੱਚੇ ਖੁਦ ਵੀ ਮੋਬਾਈਲ 'ਤੇ ਗੇਮਾਂ ਖੇਡ ਕੇ ਆਪਣਾ ਸਮਾਂ ਬਿਤਾਉਣਾ ਪਸੰਦ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ।

ਅੱਜ ਸਮਾਜ ਵਿਚ ਆਪਣੇ ਆਪ ਨੂੰ ਕਾਬਿਲ ਸਿੱਧ ਕਰਨ ਦੀ ਦੌੜ ਲੱਗੀ ਹੋਈ ਹੈ। ਇਸ ਵਿਚ ਰਿਐਲਿਟੀ ਪ੍ਰੋਗਰਾਮਾਂ ਦੀ ਭੂਮਿਕਾ ਅਹਿਮ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚ ਇਕੱਠੇ ਪੜ੍ਹਨ ਵਾਲੇ ਬੱਚੇ ਅੱਜ ਇਕ-ਦੂਜੇ ਨੂੰ ਹਰਾ ਕੇ ਚੋਟੀ ਦਾ ਸਥਾਨ ਹਾਸਲ ਕਰਨਾ ਚਾਹੁੰਦੇ ਹਨ। ਇਹ ਉਹੀ ਬੱਚੇ ਹਨ, ਜੋ ਸਕੂਲ ਦੇ ਸਮੇਂ ਇਕ-ਦੂਜੇ ਦੇ ਸਹਿਪਾਠੀ, ਸਹਿਯੋਗੀ ਸਨ ਅਤੇ ਅੱਜ ਇਕ-ਦੂਜੇ ਦੇ ਮੁਕਾਬਲੇਬਾਜ਼ ਬਣ ਗਏ ਹਨ। ਮੁਕਾਬਲਾ ਜਿੱਤਣ ਲਈ ਉਹ ਕਿਸੇ ਵੀ ਹੱਦ ਤਕ ਜਾ ਸਕਦੇ ਹਨ।

ਅੱਜ ਹਰੇਕ ਮਾਂ-ਪਿਓ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਵੱਡਾ ਹੋ ਕੇ ਡਾਕਟਰ, ਇੰਜੀਨੀਅਰ ਜਾਂ ਕੋਈ ਵੱਡਾ ਅਫਸਰ ਬਣੇ। ਹਾਲਾਂਕਿ ਪੜ੍ਹਾਈ-ਲਿਖਾਈ ਵੀ ਜ਼ਰੂਰੀ ਹੈ ਤੇ ਇਸ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ ਪਰ ਬਚਪਨ ਵੀ ਦੁਬਾਰਾ ਪਰਤ ਕੇ ਕਿੱਥੇ ਆਉਣ ਵਾਲਾ ਹੈ?

ਬੱਚੇ ਤਾਂ ਕੱਚੀ ਮਿੱਟੀ ਵਰਗੇ ਹੁੰਦੇ ਹਨ, ਉਨ੍ਹਾਂ ਨੂੰ ਜਿਵੇਂ ਚਾਹੋ, ਢਾਲ ਲਓ। ਇਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਭਰਪੂਰ ਆਨੰਦ ਲੈਣ ਦੇਣ ਤਾਂ ਕਿ ਬੱਚੇ ਆਪਣਾ ਬਚਪਨ ਸਕੂਨ ਅਤੇ ਬੇਫਿਕਰੀ ਨਾਲ ਬਿਤਾ ਸਕਣ।

*'ਹੈਂ ਗ਼ਮ ਭੀ ਬਹੁਤ, ਪ੍ਰੇਸ਼ਾਨੀਆਂ ਭੀ ਬਹੁਤ ਹੈਂ,*
*ਵਕਤ ਕੀ ਦੀ ਹੁਈ ਨਿਸ਼ਾਨੀਆਂ ਭੀ ਬਹੁਤ ਹੈਂ।*
*ਸਾਥ ਮੇਂ ਹੈਂ ਦਰਦ ਕਈ, ਉਨਕੋ ਭੂਲਨੇ ਬੈਠਾ ਹੂੰ,*
*ਫੁਰਸਤ ਕੇ ਕੁਛ ਲਮਹੋਂ ਮੇਂ ਬਚਪਨ ਕੋ ਢੂੰਡਨੇ ਬੈਠਾ ਹੂੰ।'*

ਬੱਚਿਆਂ ਦੀ ਇਸ ਦਸ਼ਾ, ਬੋਝ ਭਰੀ ਜ਼ਿੰਦਗੀ ਨੂੰ ਦੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ, ਜੋ ਆਧੁਨਿਕਤਾ ਦੀ ਦੌੜ ਵਿਚ ਕਿਤੇ ਪਿੱਛੇ ਰਹਿ ਗਿਆ ਹੈ ਤੇ ਵਾਪਸ ਆਉਂਦਾ ਦਿਖਾਈ ਨਹੀਂ ਦੇ ਰਿਹਾ।

# आधुनिकता की दौड़ में गुम होता 'बचपन'

*''न कुछ पाने की कोशिश न कुछ खोने का डर,*
*बस अपनी ही धुन, बस अपने सपनों का घर,*
*काश! मिल जाए फिर मुझे वो बचपन का पहर।''*

**बचपन**-एक ऐसा मधुर व रसमय शब्द है जिसे सुनते ही रोम-रोम झंकृत हो उठता है। जब भी फुर्सत के क्षणों में हम अपने बचपन की स्मृतियों में खो जाते हैं तो चाहते हुए भी उनसे बाहर आना नहीं चाहते। ऐसा लगता है मानो बीते हुए क्षणों की भीनी-भीनी सुगंध की बयार ने उड़कर मन को भावुक बना दिया हो। आज आधुनिकता की अंधी दौड़ में प्रतिस्पर्धा का भार इतना बढ़ गया है कि ताजी हवा, बाग-बगीचे, दादा-नानी का घर, मौज-मस्ती, ग्रीष्मावकाश का आनंद, पेड़ों पर चढ़कर फल तोड़ना तथा पकड़े जाने के भय से भाग जाना। इनकी जगह मोबाइल, टैलीविजन तथा लैपटॉप ने कब ले ली, पता ही नहीं चला।



प्रि. डा. मोहन लाल शर्मा

मुझे आज भी स्मरण है अपने समय का ग्रीष्मावकाश। अवकाश हो जाने पर अनेक स्थान घूमने के लिए चर्चा का विषय बनते लेकिन नाना-नानी के घर को ही प्राथमिकता दी जाती। इसका कारण वहां पर मिलने वाली आजादी थी। आज भी स्मरण है सावन का महीना, बारिश के पानी में नाव बनाकर छोड़ना तथा नाव के पीछे-पीछे जाना, ऐसा सोचकर ही मन आनंदित हो जाता है-



*''कोई मुझे लौटा दे वो बचपन का सावन*
*वो कागज की कश्ती वो बारिश का पानी।''*

आज भी बंदर किला, पकड़म-पकड़ाई, गिट्टे उठाना, पोशन-पा, रूमाल उठाना, ऊंच-नीच का पापड़ा, स्टापू आदि खेलों को याद करके मन आनंदित हो उठता है। जीवन में सफलता पाने के लिए दादा-दादी का गीता, रामायण, महाभारत तथा अलिफ-लैला जैसे धारावाहिकों से उदाहरणें प्रस्तुत करना तथा उनके द्वारा तिलिस्मी कहानियां सुनते-सुनते सो जाना। उस निद्रा का भी अपना एक अलग ही आनंद था।

*''एक हाथी, एक राजा, एक रानी के बगैर,*
*नींद बच्चों को नहीं आती थी कहानी के बगैर।''*

क्या हमने कभी सोचा है कि आज हमारे बच्चों का बेखौफ बचपन कहीं खो गया है। अपनी छोटी-सी उम्र में पापा और दादा के कंधों पर सवारी करने वाले बच्चे आज कंधों पर भारी बस्ता टांगकर स्कूल बस की सवारी करते हैं।

आज समय बदल गया है-न तो खेलने वाली वे गलियां-मोहल्ले रहे हैं तथा न ही वे वृक्ष-मैदान, यदि कुछ बाकी रह गया है तो बस पुरानी यादें। अभिभावक बच्चों को लट्टू, कैरम, गेंद-बल्ला, फुटबाल आदि के स्थान पर वीडियोगेम तथा मोबाइल थमा रहे हैं। बच्चे स्वयं भी मोबाइल पर गेम्स खेलकर अपना समय गुजारना पसंद करते हैं, जिस कारण उनके स्वभाव में उग्रता का समावेश हो जाता है। अक्सर यह भी देखा गया है कि जो बच्चे मोबाइल पर सदा चिपके रहते हैं, उनमें सामान्य बच्चों की अपेक्षा चिड़चिड़ापन अधिक पाया जाता है।

इसमें रियलिटी कार्यक्रमों की भूमिका महत्वपूर्ण है। इन कार्यक्रमों में साथ-साथ पढ़ने वाले बच्चे आज एक-दूसरे को हराकर शीर्ष स्थान प्राप्त करना चाहते हैं। ये वही बच्चे हैं जो विद्यालय के समय एक-दूसरे के सहभागी थे तथा आज प्रतिस्पर्धी बन गए हैं। वे प्रतियोगिता जीतने के लिए किसी भी हद तक जा सकते हैं।

आज प्रत्येक अभिभावक यह चाहता है कि उनका बच्चा बड़ा होकर डाक्टर, इंजीनियर या कोई बड़ा अफसर बने। यद्यपि पढ़ाई-लिखाई भी जरूरी है तथा इसकी महत्ता को नकारा नहीं जा सकता लेकिन बचपन भी दोबारा लौटकर कहां आने वाला है? बच्चे तो कच्ची मिट्टी के समान होते हैं, उन्हें जिस प्रकार चाहो ढाल लो। इसलिए अभिभावकों का दायित्व बनता है कि वे अपने बच्चों को भरपूर आनंद उठाने दें ताकि वे अपने बचपन को सुकून व बेफिक्री से जी सकें।

*''हैं गम भी बहुत, परेशानियां भी बहुत हैं,*
*वक्त की दी हुई निशानियां भी बहुत हैं।*
*साथ में हैं दर्द कई, उनको भूलने बैठा हूं,*
*फुर्सत के कुछ लम्हों में बचपन को ढूंढने बैठा हूं।''*

बच्चों की इस दशा, इस बोझयुक्त जीवन को देखकर मुझे अपना बचपन याद आ जाता है, जो आधुनिकता की दौड़ में कहीं पीछे छूट गया है, जो वापस लौटता नहीं दिख रहा।